ਤੱਥ ਸ਼ੀਟ

Punjabi | ਪੰਜਾਬੀ

# ਸਾਲ 2024 ਦੇ ‘ਵਿਕਟੋਰੀਅਨ ਸੀਨੀਅਰ ਆਫ਼ ਦਿ ਈਅਰ’ ਪੁਰਸਕਾਰ

## ਕਿਸੇ ਬਜ਼ੁਰਗ ਵਿਅਕਤੀ ਨੂੰ 'ਵਿਕਟੋਰੀਅਨ ਸੀਨੀਅਰ ਆਫ਼ ਦਿ ਇਅਰ' ਪੁਰਸਕਾਰ ਲਈ ਨਾਮਜ਼ਦ ਕਰੋ

ਕਿਸੇ ਅਜਿਹੇ ਬਜ਼ੁਰਗ ਵਿਕਟੋਰੀਆ ਵਾਸੀ ਨੂੰ ਨਾਮਜ਼ਦ ਕਰੋ ਜੋ ਭਾਈਚਾਰੇ ਵਿੱਚ ਹੋਰਨਾਂ ਦੀ ਸਹਾਇਤਾ ਕਰਨ ਲਈ ਆਪਣੇ ਹੁਨਰ, ਅਨੁਭਵ, ਸਮੇਂ, ਅਤੇ ਊਰਜਾ ਨੂੰ ਸਾਂਝਾ ਕਰਦਾ ਹੈ।

**ਇਸ ਲਈ ਨਾਮਜ਼ਦਗੀਆਂ ਐਤਵਾਰ 11 ਅਗਸਤ 2024 ਤੱਕ ਖੁੱਲ੍ਹੀਆਂ ਹਨ।**

ਪੁਰਸਕਾਰ ਲਈ ਯੋਗ ਹੋਣ ਲਈ, ਵਿਅਕਤੀ ਦਾ ਇਹ ਹੋਣਾ ਲਾਜ਼ਮੀ ਹੈ:

- ਆਸਟ੍ਰੇਲੀਆ ਦਾ ਨਾਗਰਿਕ
- ਵਿਕਟੋਰੀਆ ਵਿੱਚ ਰਹਿੰਦੇ ਹੋਣਾ
- 60 ਸਾਲ ਜਾਂ ਇਸ ਤੋਂ ਵੱਧ ਉਮਰ
- ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵਿਕਟੋਰੀਆ ਵਾਸੀ ਲਈ ਉਮਰ 50 ਸਾਲ ਜਾਂ ਇਸ ਤੋਂ ਵੱਧ।

ਉਹ ਵਿਅਕਤੀ ਯੋਗ ਨਹੀਂ ਹੈ ਜੇਕਰ ਉਹ:

- ਇਸ ਤੋਂ ਪਹਿਲਾਂ 'ਵਿਕਟੋਰੀਅਨ ਸੀਨੀਅਰ ਆਫ਼ ਦਿ ਈਅਰ' ਪੁਰਸਕਾਰ ਜਿੱਤ ਚੁੱਕੇ ਹਨ
- ਆਪਣੇ ਆਪ ਨੂੰ ਆਪ ਨਾਮਜ਼ਦ ਕਰਦੇ ਹਨ।

ਨਾਮਜ਼ਦਗੀਆਂ ਅੰਗਰੇਜ਼ੀ ਵਿੱਚ ਕੀਤੀਆਂ ਜਾਣੀਆਂ ਲਾਜ਼ਮੀ ਹਨ। ਜੇਕਰ ਤੁਹਾਨੂੰ ਔਨਲਾਈਨ ਫਾਰਮ ਭਰਨ ਲਈ ਮੱਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕਿਸੇ ਪਰਿਵਾਰਕ ਮੈਂਬਰ, ਦੋਸਤ, ਜਾਂ ਭਾਈਚਾਰਕ ਸੰਸਥਾ ਨੂੰ ਤੁਹਾਡੀ ਮੱਦਦ ਕਰਨ ਲਈ ਕਹੋ।

### ਅਨੁਵਾਦ ਅਤੇ ਦੁਭਾਸ਼ੀਆ ਸੇਵਾ (Translations and Interpreting Service, TIS)

ਤੁਸੀਂ ਦਿਨ ਦੇ ਕਿਸੇ ਵੀ ਸਮੇਂ, ਸਾਲ ਦੇ ਹਰ ਦਿਨ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨੂੰ ਫ਼ੋਨ ਕਰ ਸਕਦੇ ਹੋ ਅਤੇ ਦੁਭਾਸ਼ੀਏ ਲਈ ਬੇਨਤੀ ਕਰ ਸਕਦੇ ਹੋ। ਟੈਲੀਫ਼ੋਨ ਆਪਰੇਟਰ ਦੁਆਰਾ ਪੁੱਛੇ ਜਾਣ 'ਤੇ ਤੁਹਾਨੂੰ ਲੋੜੀਂਦੀ ਭਾਸ਼ਾ ਦਾ ਨਾਮ ਦੱਸਣ ਦੀ ਲੋੜ ਪਵੇਗੀ।

ਫ਼ੋਨ: 131 450 (ਆਸਟ੍ਰੇਲੀਆ ਦੇ ਅੰਦਰ)<br>
ਫ਼ੋਨ: +613 9268 8332 (ਆਸਟ੍ਰੇਲੀਆ ਤੋਂ ਬਾਹਰ)

ਜੇਕਰ ਤੁਹਾਨੂੰ ਮੱਦਦ ਜਾਂ ਕਾਗਜ਼ੀ ਰੂਪ ਵਿੱਚ ਨਾਮਜ਼ਦਗੀ ਫਾਰਮ ਦੀ ਲੋੜ ਹੈ, ਤਾਂ ਸੀਨੀਅਰਜ਼ ਫੈਸਟੀਵਲ ਟੀਮ (Seniors Festival Team) ਨਾਲ (03) 8850 6164 'ਤੇ ਸੰਪਰਕ ਕਰੋ ਜਾਂ <seniorsfestival@dffh.vic.gov.au> 'ਤੇ ਈਮੇਲ ਕਰੋ।

ਇਸ ਦਸਤਾਵੇਜ਼ ਨੂੰ ਕਿਸੇ ਹੋਰ ਰੂਪ ਵਿੱਚ ਪ੍ਰਾਪਤ ਕਰਨ ਲਈ, ਜੇ ਲੋੜ ਹੋਵੇ ਤਾਂ ਨੈਸ਼ਨਲ ਰੀਲੇਅ ਸਰਵਿਸ 13 36 77 ਦੀ ਵਰਤੋਂ ਕਰਦੇ ਹੋਏ (03) 8850 6164 'ਤੇ ਫ਼ੋਨ ਕਰੋ, ਜਾਂ <seniorsfestival@dffh.vic.gov.au>'ਤੇ ਸੀਨੀਅਰਜ਼ ਫੈਸਟੀਵਲ ਟੀਮ ਨੂੰ ਈਮੇਲ ਕਰੋ।

ਵਿਕਟੋਰੀਅਨ ਸਰਕਾਰ, 1 ਟ੍ਰੇਜ਼ਰੀ ਪਲੇਸ, ਮੈਲਬੌਰਨ ਦੁਆਰਾ ਅਧਿਕਾਰਤ ਅਤੇ ਪ੍ਰਕਾਸ਼ਿਤ।

© ਵਿਕਟੋਰੀਆ ਸਰਕਾਰ, ਆਸਟ੍ਰੇਲੀਆ, ਪਰਿਵਾਰ ਨਿਰਪੱਖਤਾ ਅਤੇ ਰਿਹਾਇਸ਼ ਵਿਭਾਗ, ਜੂਨ 2024।

ਇਸ ਦਸਤਾਵੇਜ਼ ਵਿੱਚ, 'ਐਬੋਰਿਜ਼ਨਲ' ਸ਼ਬਦ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਦੋਵਾਂ ਲੋਕਾਂ ਨੂੰ ਦਰਸਾਉਂਦਾ ਹੈ। 'ਮੂਲਵਾਸੀ' ਜਾਂ 'ਕੂਰੀ/ਕੂਰੀ' ਨੂੰ ਰਿਪੋਰਟ, ਪ੍ਰੋਗਰਾਮ ਜਾਂ ਹਵਾਲੇ ਦੇ ਸਿਰਲੇਖ ਦਾ ਹਿੱਸਾ ਹੋਣ 'ਤੇ ਵਰਤਿਆ ਜਾਂਦਾ ਹੈ।

COTA VICTORIA

Victorian Seniors Festival

VICTORIA State Government

# ਪੁਰਸਕਾਰ ਦੀਆਂ ਸ਼੍ਰੇਣੀਆਂ ਅਤੇ ਮਾਪਦੰਡ

ਤੁਸੀਂ ਇੱਕ ਵਿਅਕਤੀ ਨੂੰ ਹੇਠ ਲਿਖੀਆਂ ਪੁਰਸਕਾਰ ਸ਼੍ਰੇਣੀਆਂ ਵਿੱਚ ਨਾਮਜ਼ਦ ਕਰ ਸਕਦੇ ਹੋ:

| ਪੁਰਸਕਾਰ ਸ਼੍ਰੇਣੀ | ਪੁਰਸਕਾਰ ਮਾਪਦੰਡ |
|---|---|
| **'ਪ੍ਰੀਮੀਅਰ ਵੱਲੋਂ ਵਿਕਟੋਰੀਆ ਦੇ ਸੀਨੀਅਰ ਆਫ਼ ਦਿ ਇਅਰ' ਲਈ ਪੁਰਸਕਾਰ (Premier's Award for Victorian Senior of the Year)** ਇੱਕ ਅਜਿਹੇ ਵਿਅਕਤੀ ਨੂੰ ਜਿਸ ਨੇ ਆਪਣੇ ਸਥਾਨਕ ਭਾਈਚਾਰੇ ਅਤੇ ਵਿਕਟੋਰੀਆ ਵਿੱਚ ਬੇਮਿਸਾਲ ਯੋਗਦਾਨ ਪਾਇਆ ਹੈ। | ਤੁਹਾਡਾ ਵੱਲੋਂ ਨਾਮਜ਼ਦ ਕੀਤੇ ਵਿਅਕਤੀ ਨੇ:<br>• ਆਪਣੇ ਸਥਾਨਕ ਭਾਈਚਾਰੇ ਅਤੇ ਵਿਕਟੋਰੀਆ ਵਿੱਚ ਬੇਮਿਸਾਲ ਯੋਗਦਾਨ ਪਾਇਆ ਹੈ<br>• ਵਾਲੰਟੀਅਰ ਕੰਮ ਰਾਹੀਂ ਭਾਈਚਾਰੇ ਦੀ ਭਲਾਈ ਲਈ ਚੰਗੇ ਬਦਲਾਅ ਕੀਤੇ ਹਨ<br>• ਭਾਈਚਾਰੇ ਵੱਲੋਂ ਸਤਿਕਾਰਿਆ ਜਾਂਦਾ ਹੈ<br>• ਬੁਢਾਪੇ ਪ੍ਰਤੀ ਸਕਾਰਾਤਮਕ ਰਵੱਈਆ ਹੈ ਜੋ ਦੂਜਿਆਂ ਨੂੰ ਪ੍ਰੇਰਿਤ ਕਰਦਾ ਹੈ<br>• ਆਪਣੇ ਕੰਮਾਂ ਰਾਹੀਂ ਚਿਰ-ਟਿਕਾਊ ਫਾਇਦੇਮੰਦ ਪ੍ਰਭਾਵ ਪੈਦਾ ਕਰਦਾ ਹੈ। |
| **ਬਹੁ-ਸੱਭਿਆਚਾਰਵਾਦ ਦੇ ਪ੍ਰਚਾਰ ਲਈ ਪੁਰਸਕਾਰ (Promotion of Multiculturalism Award)** ਇੱਕ ਅਜਿਹੇ ਵਿਅਕਤੀ ਨੂੰ ਜਿਸ ਨੇ ਆਪਣੇ ਸਥਾਨਕ ਭਾਈਚਾਰੇ ਜਾਂ ਵਿਆਪਕ ਭਾਈਚਾਰੇ ਵਿੱਚ ਸੱਭਿਆਚਾਰਕ ਵਿਭਿੰਨਤਾ ਦੇ ਲਾਭਾਂ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। | ਤੁਹਾਡਾ ਵੱਲੋਂ ਨਾਮਜ਼ਦ ਕੀਤੇ ਵਿਅਕਤੀ ਨੇ:<br>• ਭਾਈਚਾਰੇ ਵਿੱਚ ਸੱਭਿਆਚਾਰਕ ਵਿਭਿੰਨਤਾ ਦੇ ਲਾਭਾਂ ਦਾ ਪ੍ਰਚਾਰ ਕੀਤਾ ਹੈ<br>• ਵਲੰਟੀਅਰ ਕੰਮ ਰਾਹੀਂ ਭਾਈਚਾਰੇ ਦੀ ਭਲਾਈ ਲਈ ਹੋਰਨਾਂ ਨੂੰ ਪ੍ਰੇਰਿਤ ਜਾਂ ਬਦਲਾਅ ਲਿਆਂਦਾ ਹੈ<br>• ਬੁਢਾਪੇ ਪ੍ਰਤੀ ਸਕਾਰਾਤਮਕ ਰਵੱਈਆ ਹੈ ਜੋ ਦੂਜਿਆਂ ਨੂੰ ਪ੍ਰੇਰਿਤ ਕਰਦਾ ਹੈ। |
| **'ਸਿਹਤਮੰਦ ਅਤੇ ਸਰਗਰਮ ਜੀਵਨ' ਪੁਰਸਕਾਰ (Healthy and Active Living Award)**ਕਿਸੇ ਅਜਿਹੇ ਵਿਅਕਤੀ ਨੂੰ ਜਿਸਨੇ ਭਾਈਚਾਰੇ ਵਿੱਚ ਸ਼ਮੂਲੀਅਤ ਦੁਆਰਾ ਅਤੇ ਇੱਕ ਰੋਲ ਮਾਡਲ ਵਜੋਂ ਸਰਗਰਮ ਅਤੇ ਸਿਹਤਮੰਦ ਭਾਈਚਾਰਿਆਂ ਦੀ ਸਿਰਜਣਾ ਕਰਨ ਵਿੱਚ ਮੱਦਦ ਕੀਤੀ ਹੈ। | ਤੁਹਾਡਾ ਵੱਲੋਂ ਨਾਮਜ਼ਦ ਕੀਤੇ ਵਿਅਕਤੀ ਨੇ:<br>• ਸਰਗਰਮ ਅਤੇ ਸਿਹਤਮੰਦ ਭਾਈਚਾਰਾ ਬਣਾਉਣ ਵਿੱਚ ਮੱਦਦ ਕੀਤੀ ਹੈ<br>• ਦੂਜਿਆਂ ਨੂੰ ਵਧੇਰੇ ਸਿਹਤਮੰਦ ਅਤੇ ਸਰਗਰਮ ਹੋਣ ਲਈ ਪ੍ਰੇਰਿਤ ਕਰਨ ਲਈ ਭਾਈਚਾਰਕ ਪਹਿਲਕਦਮੀਆਂ ਬਣਾਉਂਦਾ ਜਾਂ ਚਲਾਉਂਦਾ ਹੈ<br>• ਵਾਲੰਟੀਅਰ ਕੰਮ ਰਾਹੀਂ ਭਾਈਚਾਰੇ ਦੀ ਭਲਾਈ ਲਈ ਚੰਗੇ ਬਦਲਾਅ ਕੀਤੇ ਹਨ<br>• ਬੁਢਾਪੇ ਪ੍ਰਤੀ ਸਕਾਰਾਤਮਕ ਰਵੱਈਆ ਹੈ ਜੋ ਦੂਜਿਆਂ ਨੂੰ ਪ੍ਰੇਰਿਤ ਕਰਦਾ ਹੈ। |
| **'ਵੈਟਰਨ ਕਮਿਊਨਿਟੀ' ਪੁਰਸਕਾਰ (Veteran Community Award)** ਕਿਸੇ ਅਜਿਹੇ ਵਿਅਕਤੀ ਨੂੰ ਜਿਸਨੇ ਸਾਬਕਾ ਸੈਨਿਕ ਭਾਈਚਾਰੇ ਵਿੱਚ ਸ਼ਾਨਦਾਰ ਯੋਗਦਾਨ ਪਾਇਆ ਹੈ। ਉਸ ਵਿਅਕਤੀ ਦਾ ਸਾਬਕਾ ਸੈਨਿਕ ਹੋਣਾ ਲਾਜ਼ਮੀ ਨਹੀਂ ਹੈ। | ਤੁਹਾਡਾ ਵੱਲੋਂ ਨਾਮਜ਼ਦ ਕੀਤੇ ਵਿਅਕਤੀ ਨੇ:<br>• ਸਾਬਕਾ ਸੈਨਿਕ ਭਾਈਚਾਰੇ ਲਈ ਸ਼ਾਨਦਾਰ ਯੋਗਦਾਨ ਪਾਇਆ ਹੈ<br>• ਵਲੰਟੀਅਰ ਕੰਮ ਰਾਹੀਂ ਭਾਈਚਾਰੇ ਦੀ ਭਲਾਈ ਲਈ ਹੋਰਨਾਂ ਨੂੰ ਪ੍ਰੇਰਿਤ ਜਾਂ ਬਦਲਾਅ ਲਿਆਂਦਾ ਹੈ<br>• ਵਿਆਪਕ ਭਾਈਚਾਰੇ ਲਈ ਲਾਭ ਪ੍ਰਾਪਤ ਜਾਂ ਪੈਦਾ ਕਰਦਾ ਹੈ।<br>• ਬੁਢਾਪੇ ਪ੍ਰਤੀ ਸਕਾਰਾਤਮਕ ਰਵੱਈਆ ਹੈ ਜੋ ਦੂਜਿਆਂ ਨੂੰ ਪ੍ਰੇਰਿਤ ਕਰਦਾ ਹੈ। |
| **'ਏਜਿੰਗ ਵੈੱਲ' ਪੁਰਸਕਾਰ (Ageing Well Award)** ਉਸ ਵਿਅਕਤੀ ਨੂੰ ਦਿੱਤਾ ਜਾਂਦਾ ਹੈ ਜੋ ਉਮਰਵਾਦ ਦਾ ਮੁਕਾਬਲਾ ਕਰਨ, ਸਮਾਜਿਕ ਨਿਆਂ ਨੂੰ ਉਤਸ਼ਾਹਿਤ ਕਰਨ ਅਤੇ ਭਾਈਚਾਰੇ ਨਾਲ ਜੁੜ ਕੇ ਵਧੀਆ ਬੁਢਾਪੇ ਦੇ ਸਮਰਥਨ ਦੀਆਂ ਪਹਿਲਕਦਮੀਆਂ ਵਿੱਚ ਯੋਗਦਾਨ ਪਾਉਂਦਾ ਹੈ। | ਤੁਹਾਡਾ ਵੱਲੋਂ ਨਾਮਜ਼ਦ ਕੀਤੇ ਵਿਅਕਤੀ ਨੇ:<br>• ਭਾਈਚਾਰੇ ਵਿੱਚ ਉਮਰਵਾਦ ਦਾ ਮੁਕਾਬਲਾ ਕਰਨ ਲਈ ਕੰਮ ਕੀਤਾ ਹੈ<br>• ਸਮਾਜਿਕ ਨਿਆਂ ਨੂੰ ਉਤਸ਼ਾਹਿਤ ਕੀਤਾ ਹੈ<br>• ਬੁਢਾਪੇ ਦੀਆਂ ਚੰਗੀਆਂ ਪਹਿਲਕਦਮੀਆਂ ਦਾ ਸਮਰਥਨ ਕਰਨ ਲਈ ਭਾਈਚਾਰੇ ਨਾਲ ਜੁੜਦਾ ਹੈ<br>• ਵਲੰਟੀਅਰ ਕੰਮ ਰਾਹੀਂ ਭਾਈਚਾਰੇ ਦੀ ਭਲਾਈ ਲਈ ਹੋਰਨਾਂ ਨੂੰ ਪ੍ਰੇਰਿਤ ਜਾਂ ਬਦਲਾਅ ਲਿਆਂਦਾ ਹੈ। |
| **COTA (ਕੌਂਸਲ ਆਨ ਦਿ ਏਜਿੰਗ) ਵਿਕਟੋਰੀਆ ਸੀਨੀਅਰ ਅਚੀਵਰ ਪੁਰਸਕਾਰ** ਉਸ ਵਿਅਕਤੀ ਲਈ ਜਿਸਨੇ ਸਥਾਨਕ ਭਾਈਚਾਰਿਆਂ ਅਤੇ ਵਿਕਟੋਰੀਆ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। | ਤੁਹਾਡਾ ਵੱਲੋਂ ਨਾਮਜ਼ਦ ਕੀਤੇ ਵਿਅਕਤੀ ਨੇ:<br>• ਸਥਾਨਕ ਭਾਈਚਾਰਿਆਂ ਅਤੇ ਵਿਕਟੋਰੀਆ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ<br>• ਵਲੰਟੀਅਰ ਕੰਮ ਰਾਹੀਂ ਭਾਈਚਾਰੇ ਦੀ ਭਲਾਈ ਲਈ ਹੋਰਨਾਂ ਨੂੰ ਪ੍ਰੇਰਿਤ ਜਾਂ ਬਦਲਾਅ ਲਿਆਂਦਾ ਹੈ। |

'ਵਿਕਟੋਰੀਅਨ ਸੀਨੀਅਰ ਆਫ਼ ਦਿ ਈਅਰ' ਪੁਰਸਕਾਰਾਂ ਬਾਰੇ ਹੋਰ ਜਾਣਕਾਰੀ ਲਈ ਜਾਂ ਨਾਮਜ਼ਦਗੀ ਕਰਨ ਲਈ, ਸੀਨੀਅਰਜ਼ ਔਨਲਾਈਨ <https://www.seniorsonline.vic.gov.au/awards>'ਤੇ ਜਾਓ।